ਡਾ. ਨਛੱਤਰ ਸਿੰਘ
ਕੰਟਰੋਲਰ (ਪ੍ਰੀਖਿਆਵਾਂ)

ਪੰਜਾਬ ਟੈਕਨੀਕਲ ਯੂਨੀਵਰਸਿਟੀ
ਜਲੰਧਰ-ਕਪੂਰਥਲਾ ਹਾਈਵੇ, ਕਪੂਰਥਲਾ
ਫੋਨ ਨੰ: 01822-662527
ਈਮੇਲ: coeptu@gmail.com

ਹਵਾਲਾ ਨੰ: ਪੀ.ਟੀ.ਯੂ./ਮਈ10/018 *ਮਿਤੀ :* 08/07/2010

ਸਾਰੇ ਪ੍ਰਿੰਸੀਪਲ/ਡਾਇਰੈਕਟਰ
ਪੀ.ਟੀ.ਯੂ.ਤੋਂ ਮਾਨਤਾ ਪ੍ਰਾਪਤ ਕਾਲਜ

ਵਿਸ਼ਾ:- ਚੈਲੈਂਜ਼ ਰੀ-ਇਵੈਲੂਏਸ਼ਨ ਦੇ ਨਿਯਮਾਂ ਵਿਚ ਸੋਧ ਸਬੰਧੀ।

ਯੂਨੀਵਰਸਿਟੀ ਵਲੋਂ ਚੈਲੈਂਜ਼ ਰੀ-ਇਵੈਲੂਏਸ਼ਨ ਦੇ ਨਿਯਮਾਂ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਗਈ ਹੈ

1. ਵਿਦਿਆਰਥੀ ਵਲੋਂ ਚੈਲੈਂਜ਼ ਰੀ-ਇਵੈਲੂਏਸ਼ਨ ਭਰਨ ਲਈ ਫਾਰਮ ਯੂਨੀਵਰਸਿਟੀ ਦੀ ਵੈਬਸਾਈਟ www.ptuexam.com ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਅਤੇ ਵਿਦਿਆਰਥੀ ਵਲੋਂ ਇਹ ਫਾਰਮ ਸੰਸਥਾ ਰਾਹੀ ਯੂਨੀਵਰਸਿਟੀ ਵਿਚ ਭੇਜਿਆ ਜਾ ਸਕਦਾ ਹੈ । ਕਿਸੇ ਵੀ ਵਿਦਿਆਰਥੀ ਦਾ ਚੈਲੈਂਜ਼ ਰੀ-ਇਵੈਲੂਏਸ਼ਨ ਫਾਰਮ ਯੂਨੀਵਰਸਿਟੀ ਵਿਚ ਸਿਧਾ ਸਵੀਕਾਰ ਨਹੀ ਕੀਤਾ ਜਾਵੇਗਾ ।

2. ਵਿਦਿਆਰਥੀਆਂ ਕੋਲੋਂ ਇਕ ਸਮੈਸਟਰ ਦੇ ਸਾਰੇ ਚੇਲੈਂਜ ਇਵੈਲੂਏਸਨ ਫਾਰਮ ਪ੍ਰਾਪਤ ਕਰਨ ਉਪਰੰਤ ਉਸਦੀ ਚੇਲੈਂਜ ਇਵੈਲੂਏਸਨ ਇਕ ਸਮੇਂ ਹੀ ਕਰਵਾਈ ਜਾਵੇਗੀ ।

3. ਚੇਲੈਂਜ ਇਵੈਲੂਏਸਨ ਕਰਨ ਸਮੇਂ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਨਹੀ ਬੁਲਾਇਆ ਜਾਵੇਗਾ, ਵਿਦਿਆਰਥੀਆਂ ਦੀ ਜਗਾਂ ਤੇ ਉਸ ਸੰਸਥਾ ਦੇ ਕਲਾਸ ਟੀਚਰ ਨੂੰ ਹੀ ਬੁਲਾਇਆ ਜਾਵੇਗਾ, ਅਤੇ ਸੰਸਥਾ ਨੂੰ ਆਪਣਾ ਕਲਾਸ ਟੀਚਰ, ਚੈਲੈਂਜ਼ ਰੀ-ਇਵੈਲੂਏਸ਼ਨ ਸਮੇਂ ਯੂਨੀਵਰਸਿਟੀ ਵਲੋਂ ਬਲਾਉਣ ਤੇ ਭੇਜਣਾ ਲਾਜਮੀ ਹੋਵੇਗਾ ।

4. ਚੇਲੈਂਜ ਇਵੈਲੂਏਸਨ ਹੇਠ ਲਿਖੀ ਕਮੇਟੀ ਤੋਂ ਕਰਵਾਈ ਜਾਵੇਗੀ ।

ੳ. ਸਬੰਧਤ ਬਰਾਂਚ/ਵਿਸ਼ੇ ਦਾ ਪ੍ਰੋਫੈਸਰ ਜਾਂ ਅਸੋਸੀਏਟ ਪ੍ਰੋਫੈਸਰ (ਕੋਆਰਡੀਨੇਟਰ) ਪੱਧਰ ਦਾ ਅਕਸਪਰਟ ਜੋ ਕਿ ਯੂਨੀਵਰਸਿਟੀ ਵਲੋਂ ਨਿਯੁਕਤ ਕੀਤਾ ਜਾਵੇਗਾ ।

ਅ. ਸਬੰਧਤ ਇਵੈਲੂਏਟਰ ਜਿਸਨੇ ਉਤਰ ਕਾਪੀ ਚੈਕ ਕੀਤੀ ਸੀ ।

ੲ. ਸਬੰਧਤ ਵਿਦਿਆਰਥੀ ਦਾ ਕਲਾਸ ਟੀਚਰ ।

ਨੋਟ : ਅ ਅਤੇ ੲ ਵਿਚੋਂ ਕੋਈ ਵੀ ਟੀਚਰ/ ਇਵੈਲੂਏਟਰ ਗੈਰਹਾਜਰ ਹੋਣ ਦੀ ਸੂਰਤ ਵਿਚ ਯੂਨੀਵਰਸਿਟੀ ਵਲੋਂ ਉਸ ਵਿਸ਼ੇ ਨਾਲ ਸਬੰਧਤ ਦੂਸਰਾ ਟੀਚਰ/ ਇਵੈਲੂਏਟਰ ਨਿਯੁਕਤ ਕੀਤਾ ਜਾ ਸਕਦਾ ਹੈ ।

4. ਚੇਲੈਂਜ ਇਵੈਲੂਏਸਨ ਵਿਚੋਂ ਬਿਨਾ ਗਰੇਸ ਪਾਸ (40% ਨੰਬਰ) ਹੋਣ ਦੀ ਸੂਰਤ ਵਿਚ ਹੀ ਵਿਦਿਆਰਥੀ ਨੂੰ ਚੇਲੈਂਜ ਇਵੈਲੂਏਸਨ ਦੀ ਫੀਸ ਵਾਪਸ ਕੀਤੀ ਜਾਵੇਗੀ ।ਵਿਦਿਆਰਥੀ ਨੂੰ ਚੇਲੈਂਜ ਇਵੈਲੂਏਸਨ ਦੀ ਫੀਸ ਲੈਣ ਲਈ ਵੱਖਰੀ ਦਰਖਾਸਤ ਦੇਣੀ ਹੋਵੇਗੀ ਜਿਸਦੀ ਕਾਪੀ ਨੱਥੀ ਕੀਤੀ ਗਈ ਹੈ ।

ਉਪਰੋਕਤ ਕਮੇਟੀ ਦਾ ਚੇਲੈਂਜ ਇਵੈਲੂਏਸਨ ਦੇ ਸਬੰਧ ਵਿਚ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ ਅਤੇ ਵਿਦਿਆਰਥੀ ਇਸ ਫੈਸਲੇ ਖਿਲਾਫ ਕੋਈ ਵੀ ਅਪੀਲ ਦਾਇਰ ਨਹੀ ਕਰ ਸਕੇਗਾ ।

ਕੰਟਰੋਲਰ (ਪ੍ਰੀਖਿਆਵਾਂ)